# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।
## ਪ੍ਰੈਸ ਨੋਟ

## ਸਿਧਾਰਥ ਕ੍ਰਿਕਟ ਅਕੈਡਮੀ ਦੀ ਟੀਮ ਨੇ 94 ਦੌੜਾਂ ਬਣਾਕੇ ਕਾਰਪੋਰੇਸ਼ਨ ਇਲੈਵਨ ਦੀ ਟੀਮ ਤੇ ਜਿੱਤ ਹਾਸਲ ਕੀਤੀ

## ਕਾਰਪੋਰਸ਼ਨ ਇਲੈਵਨ ਅਤੇ ਸਿਧਾਰਥ ਅਕੈਡਮੀ ਦੀ ਟੀਮ ਵਿੱਚਕਾਰ ਹੋਇਆ ਕ੍ਰਿਕੇਟ ਮੈਚ

ਹੁਸ਼ਿਆਰਪੁਰ 5 ਮਾਰਚ- ਮੇਅਰ ਸ਼ਿਵ ਸੂਦ ਦੀ ਅਗਵਾਈ ਵਿੱਚ ਕੌਂਸਲਰਾਂ ਅਤੇ ਦਫ਼ਤਰ ਦੇ ਸਟਾਫ ਵਿੱਚੋਂ ਬਣਾਈ ਗਈ ਕਾਰਪੋਰੇਸ਼ਨ ਇਲੈਵਨ ਕ੍ਰਿਕਟ ਟੀਮ ਅਤੇ ਸਿਧਾਰਥ ਕ੍ਰਿਕੇਟ ਅਕੈਡਮੀ ਦੀ ਕ੍ਰਿਕੇਟ ਟੀਮ ਵਿੱਚਕਾਰ ਅੱਜ ਡੀ.ਏ.ਵੀ ਸਕੂਲ ਦੀ ਗਰਾਊਂਡ ਵਿੱਚ ਕ੍ਰਿਕੇਟ ਮੈਚ ਖੇਡਿਆ ਗਿਆ। ਜਿਸ ਵਿੱਚ ਸਿਧਾਰਥ ਕ੍ਰਿਕੇਟ ਅਕੈਡਮੀ ਦੀ ਟੀਮ ਨੇ 94 ਦੌੜਾਂ ਬਣਾਇ ਕੇ ਜਿੱਤ ਹਾਸਲ ਕੀਤੀ। ਮੈਚ ਦੀ ਸ਼ੁਰਆਤ ਕਾਰਪੋਰੇਸ਼ਨ ਇਲੈਵਨ ਟੀਮ ਨੇ ਟਾਸ ਜਿੱਤ ਕੇ ਕੀਤੀ। 16 ਓਵਰ ਦੇ ਇਸ ਮੈਚ ਵਿੱਚ ਰਾਹੁਲ ਸ਼ਰਮਾ ਅਤੇ ਰਾਹੁਲ ਪਾਲ ਨੇ 16-16 ਦੌੜਾਂ ਬਣਾਈਆਂ। ਕੌਂਸਲਰ ਸੰਜੀਵ ਦੁਆ ਨੇ 9, ਪਵਨ ਭਟੀ 8, ਕੌਂਸਲਰ ਰਮੇਸ਼ ਠਾਕੁਰ 7, ਨੀਤੀਨ ਚਾਂਦ 5 ਅਤੇ ਮੇਅਰ ਸ਼ਿਵ ਸੂਦ ਨੇ ਬਿਨਾ ਵਿਕੇਟ ਗੁਆਏ 15 ਦੌੜਾਂ ਬਣਾਈਆਂ। ਇਸ ਤੋਂ ਇਲਾਵਾ ਕੌਂਸਲਰ ਬ੍ਰਮਸ਼ੰਕਰ ਜਿੰਪਾ, ਡਾ: ਨਰਿੰਦਰ ਚੌਧਰੀ, ਪ੍ਰਸ਼ਾਤ ਸੇਠੀ, ਅੰਕਿਤ ਨੇ ਵੀ ਬੈਟਿੰਗ ਕੀਤੀ ਅਤੇ ਕੁੱਲ 93 ਦੌੜਾਂ ਬਣਾਈਆਂ। ਇਸੇ ਤਰ੍ਹਾਂ ਸਿਧਾਰਥ ਅਕੈਡਮੀ ਦੀ ਟੀਮ ਦੇ ਖਿਡਾਰੀਆਂ ਵਿੱਚੋ ਸਾਬੀ ਨੇ 32, ਸ਼ਿਵਮ 24, ਪਾਲੀ ਪੱਤੀ 19, ਲਿੱਟੀ 6, ਸੋਨੀ ਨੇ 2 ਦੌੜਾਂ ਬਣਾਈਆਂ। ਮਦਨ ਲਾਲ, ਵਿਜੇ ਗੱਟਾ, ਰਵਿੰਦਰ, ਵਿਨੋਦ ਭੱਟੀ, ਸ਼ਾਮ ਲਾਲ ਨੇ ਕੁੱਲ 94 ਦੌੜਾਂ ਬਣਾ ਕੇ ਜਿੱਤ ਹਾਸਲ ਕੀਤੀ। ਇਸ ਕ੍ਰਿਕੇਟ ਮੈਚ ਵਿੱਚ ਵਿਜੇ ਗੱਟਾ ਅਤੇ ਮਦਨ ਲਾਲ ਨੇ ਇੰਮਪਾਇਆਰ ਵੱਜੋਂ ਡਿਊਟੀ ਨਿਭਾਈ।

ਮੇਅਰ ਸ਼ਿਵ ਸੂਦ ਨੇ ਇਸ ਮੌਕੇ ਤੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਦੋਨੋਂ ਟੀਮਾਂ ਦੇ ਖਿਡਾਰੀਆਂ ਨੇ ਅੱਜ ਦੇ ਮੈਚ ਵਿੱਚ ਖੇਡ ਦਾ ਚੰਗਾ ਪ੍ਰਦਰਸ਼ਨ ਕੀਤਾ ਹੈ, ਜਿਸ ਲਈ ਦੋਨੋਂ ਟੀਮਾਂ ਹੀ ਵਧਾਈ ਦੇ ਪਾਤਰ ਹਨ। ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਵੱਲੋਂ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਇਸ ਨਾ ਸਿਹਤ ਦੀ ਸੰਭਾਲ ਦੇ ਨਾਲ-ਨਾਲ ਆਪਸੀ ਮਿਲਵਰਤਨ ਅਤੇ ਭਾਈਚਾਰੇ ਵਿੱਚ ਵਾਧਾ ਹੁੰਦਾ ਹੈ। ਉਹਨਾਂ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਗਰ ਨਿਗਮ ਵੱਲੋਂ ਚਲਾਏ ਜਾ ਰਹੇ ਸਫਾਈ ਅਭਿਆਨ ਵਿੱਚ ਆਪਣਾ ਸਹਿਯੋਗ ਦਿੰਦੇ ਹੋਏ ਸ਼ਹਿਰ ਨੂੰ ਵੀ ਸਿਹਤਮੰਦ ਅਤੇ ਸਾਫ-ਸੁਥਰਾ ਵਾਤਾਵਰਨ ਪੈਦਾ ਕਰਨ ਵਿੱਚ ਸਹਿਯੋਗ ਦੇਣ। ਉਹਨਾਂ ਦੱਸਿਆ ਕਿ ਇਸ ਤਰ੍ਹਾਂ ਦੇ ਮੈਚਾਂ ਦਾ ਆਯੋਜਨ ਜਾਰੀ ਰੱਖਿਆ ਜਾਵੇਗਾ ਤਾ ਜ਼ੋ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਰੁਚੀ ਵਧਾਈ ਜਾ ਸਕੇ। ਇਸ ਮੌਕੇ ਤੇ ਪ੍ਰਵੀਨ ਕੁਮਾਰ, ਵਿਨੋਦ ਪਰਮਾਰ, ਰਜਿੰਦਰ ਪ੍ਰਸ਼ਾਦ ਸ਼ਾਤਰੀ, ਲੇਖ ਰਾਮ, ਮੁਕਲ ਕੇਸਰ ਅਤੇ ਕ੍ਰਿਕਟ ਪ੍ਰੇਮੀ ਵੱਡੀ ਗਿਣਤੀ ਵਿੱਚ ਹਾਜਰ ਸਨ।